ਦਫਤਰ ਜਿਲ੍ਹਾ ਸਿੱਖਿਆ ਅਫਸਰ (ਐ:ਸਿ:)-ਕਮ-ਜਿਲ੍ਹਾ ਪ੍ਰੋਜੈਕਟ ਡਾਇਰੈਕਟਰ, ਸਮੱਗਰ ਸਿੱਖਿਆ
ਅਭਿਆਨ, ਸੈਕਟਰ-76, ਸਾਹਿਬਜ਼ਾਦਾ ਅਜੀਤ ਸਿੰਘ ਨਗਰ।

ਫੋਨ ਨੰ:0172-2219100 ਈ-ਮੇਲ:- deossamohali1@gmail.com

---

## ਅੰਤਿਕਾ
## ਫ਼ਾਰਮ-II

ਵੱਲ:

ਮੈਨੇਜਰ/ਚੇਅਰਪਰਸਨ/ਸਕੱਤਰ
ਕੇ.ਪੀ.ਐਸ. ਐਜੂਕੇਸ਼ਨਲ ਸੁਸਾਇਟੀ
ਪਿੰਡ ਦਾਊਂ. ਐਸ.ਏ.ਐਸ. ਨਗਰ।

ਪੱਤਰ ਨੰ.: ਆਰ.ਟੀ.ਈ./ਮਾਨਤਾ/2019/202050990 ਮਿਤੀ: 07/02/2020

ਵਿਸ਼ਾ: "ਬੱਚਿਆਂ ਦਾ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਦਾ ਅਧਿਕਾਰ ਐਕਟ-2009' ਦੀ ਧਾਰਾ 18 ਦੇ ਮੰਤਵ ਲਈ" ਪੰਜਾਬ ਬੱਚਿਆਂ ਦਾ ਮੁਫ਼ਤ ਅਤੇ ਲਾਜ਼ਮੀ-ਸਿੱਖਿਆ ਦਾ ਅਧਿਕਾਰ ਨਿਯਮ 2011' ਦੇ ਨਿਯਮ 11 ਦੇ ਉਪ ਨਿਯਮ (4) ਅਧੀਨ ਆਪ ਜੀ ਦੇ ਸਕੂਲ ਨੂੰ ਮਾਨਤਾ ਪੱਤਰ।

ਹਵਾਲਾ ਨੰ. ਮਾਨਯੋਗ ਡੀ.ਪੀ.ਆਈ.(ਐ.ਸਿ.), ਪੰਜਾਬ ਜੀ ਦੇ ਮੀਮੋ ਨੰ. 02/01-2020 ਸੇਪ੍ਰ(1)/37 ਮਿਤੀ : ਮੁਹਾਲੀ : 15.1.2020

ਸ਼੍ਰੀਮਾਨ/ਸ੍ਰੀਮਤੀ ਜੀ,

ਉਪਰੋਕਤ ਹਵਾਲਾ ਅਧੀਨ ਪੱਤਰ ਅਨੁਸਾਰ ਆਪ ਜੀ ਦੀ ਪ੍ਰਤੀਬੇਨਤੀ ਅਤੇ ਆਪ ਵਲੋਂ ਦਿੱਤੀ ਗਈ ਸਵੈ-ਘੋਸ਼ਨਾ ਦੇ ਆਧਾਰ ਤੇ ਹੇਠ ਲਿਖੀਆਂ ਸ਼ਰਤਾਂ ਤਹਿਤ ਕੇ.ਪੀ.ਐਸ. ਵਰਲਡ ਸਕੂਲ, ਪਿੰਡ ਦਾਊਂ, ਜ਼ਿਲ੍ਹਾ ਐਸ.ਏ.ਐਸ ਨਗਰ ਜਮਾਤ ਪਹਿਲੀ ਤੋਂ ਜਮਾਤ ਅੱਠਵੀਂ ਤੱਕ ਪ੍ਰੋਵੀਜ਼ਨਲ ਮਾਨਤਾ ਮਿਤੀ 31.03.2022 ਤੱਕ ਹੇਠ ਲਿਖੀਆਂ ਸ਼ਰਤਾਂ ਤੇ ਜਾਰੀ ਕਰਕੇ ਭੇਜਦੀ ਹਾਂ।

ਸ਼ਰਤਾਂ :-

1) ਸਕੂਲ ਪ੍ਰਬੰਧਨ ਦੀ ਇਹ ਨਿੱਜੀ ਜ਼ਿਮੇਵਾਰੀ ਹੋਵੇਗੀ ਕਿ ਮਿਆਦ ਅਨੁਸਾਰ ਸਕੂਲ ਦਾ ਬਿਲਡਿੰਗ ਸੇਫਟੀ ਸਰਟੀਫਿਕੇਟ ਅਤੇ ਫਾਇਰ ਸੇਫਟੀ ਸਰਟੀਫਿਕੇਟ ਇਸ ਦਫ਼ਤਰ ਵਿਖੇ ਜਮ੍ਹਾਂ ਕਰਵਾਇਆ ਜਾਵੇ। ਅਣਗਹਿਲੀ ਦੀ ਸੂਰਤ ਵਿੱਚ ਆਪ ਦੇ ਸਕੂਲ ਦੀ ਮਾਨਤਾ ਰੱਦ ਕਰਨ ਦੀ ਪ੍ਰਕਿਰਿਆ ਆਰੰਭੀ ਜਾਵੇਗੀ।

2) ਮਾਨਤਾ ਦੀ ਪ੍ਰਵਾਨਗੀ ਵਾਧੇ ਯੋਗ ਨਹੀਂ ਹੈ ਅਤੇ ਕਿਸੇ ਵੀ ਹਾਲਤ ਵਿਚ ਅੱਠਵੀਂ ਜਮਾਤ ਤੋਂ ਅੱਗੇ ਦੀ ਮਾਨਤਾ / ਐਫੀਲੀਏਸ਼ਨ ਤੇ ਲਾਗੂ ਨਹੀਂ ਹੁੰਦੀ।

3) ਉਕਤ ਮਾਨਤਾ ਆਪ ਦੁਆਰਾ ਦਿੱਤੀ ਗਈ ਸਵੈ ਘੋਸ਼ਨਾ ਦੇ ਆਧਾਰ ਤੇ ਹੈ ਜੇਕਰ ਸਵੈ ਘੋਸ਼ਨਾ ਵਿਚ ਦਰਜ਼ ਮੱਦਾਂ ਵਿਚੋਂ ਕੋਈ ਮੱਦ ਗਲਤ ਜਾਂ ਝੂਠੀ ਪਾਈ ਜਾਂਦੀ ਹੈ ਤਾਂ ਇਹ ਮਾਨਤਾ ਰੱਦ ਕਰਨ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਜਾਵੇਗੀ।

4) ਸਕੂਲ "ਸੁਸਾਇਟੀ ਰਜਿਸਟਰੇਸ਼ਨ ਐਕਟ, 1860 (ਐਕਟ ਨੰਬਰ 21, 1960)' ਅਧੀਨ ਰਜਿਸਟਰ ਕੀਤੀ ਸੁਸਾਇਟੀ ਦੁਆਰਾ ਜਾਂ ਸਮੇਂ-ਸਮੇਂ ਤੇ ਲਾਗੂ ਕਿਸੇ ਕਾਨੂੰਨ ਅਧੀਨ ਸਥਾਪਿਤ ਟਰਸਟ ਦੁਆਰਾ ਚਲਾਇਆ ਜਾ ਰਿਹਾ ਹੈ।

5) ਸੋਸਾਇਟੀ ਦੀ ਰਜਿਸਟਰੇਸ਼ਨ ਦਾ ਨਵੀਨੀਕਰਨ, ਜੋ ਜ਼ਰੂਰੀ ਹੋਵੇ, ਯਕੀਨੀ ਬਣਾਇਆ ਜਾਵੇਗਾ।

6) ਸਕੂਲ ਕਿਸੇ ਵਿਅਕਤੀ, ਸਮੂਹ ਜਾਂ ਵਿਅਕਤੀ-ਸਮੂਹਾਂ ਜਾਂ ਕਿਸੇ ਹੋਰ ਦੇ ਨਿੱਜੀ ਲਾਭ ਲਈ ਨਹੀਂ ਚਲਾਇਆ ਜਾ ਰਿਹਾ ਹੈ।

7) ਸਕੂਲ ਦਾ ਲੇਖਾ ਕਿਸੇ ਚਾਰਟਿਡ-ਲੇਖਾਕਾਰ ਦੁਆਰਾ ਆਡਿਟ ਅਤੇ ਪ੍ਰਮਾਣਿਤ ਕੀਤਾ ਅਤੇ ਨਿਯਮਾਂ ਅਨੁਸਾਰ ਲੇਖਿਆਂ ਦੀਆਂ ਉਚਿਤ ਸਟੇਟਮੈਂਟਾਂ ਤਿਆਰ ਕੀਤੀਆਂ ਜਾਣਗੀਆਂ।

8) ਸਕੂਲ ਪਹਿਲੀ ਜਮਾਤ ਵਿੱਚ ਜਮਾਤ ਦੀ ਕੁਲ ਸੰਖਿਆ ਦਾ 25%, ਗੁਆਂਢ ਦੇ ਕਮਜ਼ੋਰ ਤਬਕੇ ਅਤੇ ਸੁਵਿਧਾ ਰਹਿਤ ਗਰੁੱਪ ਨਾਲ਼ ਸੰਬੰਧਿਤ ਬੱਚਿਆਂ ਨੂੰ ਦਾਖ਼ਲ ਕਰੇਗਾ ਅਤੇ ਮੁਫ਼ਤ ਅਤੇ ਲਾਜ਼ਮੀ ਸਿੱਖਿਆ, ਇਸ ਦੇ ਪੂਰੀ ਹੋਣ ਤੱਕ ਪ੍ਰਦਾਨ ਕਰੇਗਾ। ਜੇ ਸਕੂਲ ਪ੍ਰੀ-ਪ੍ਰਾਇਮਰੀ ਸਿੱਖਿਆ ਪ੍ਰਦਾਨ ਕਰਦਾ ਹੈ, ਇਹੀ ਸ਼ਰਤਾਂ ਲਾਗੂ ਹੋਣਗੀਆਂ।

9) ਪੈਰ੍ਹਾ 7 ਵਿੱਚ ਦਰਸਾਏ ਗਏ ਬੱਚਿਆਂ ਲਈ, ਐਕਟ ਦੀ ਧਾਰਾ 12 ਦੇ ਉਪਬੰਧ 2 ਅਨੁਸਾਰ ਸਕੂਲ ਨੂੰ ਖ਼ਰਚੇ ਦੀ ਪ੍ਰਤੀਪੂਰਤੀ ਕੀਤੀ ਜਾਵੇਗੀ। ਇਹ ਪ੍ਰਤੀਪੂਰਤੀ ਪ੍ਰਾਪਤ ਕਰਨ ਲਈ ਸਕੂਲ ਨੂੰ ਵੱਖਰਾ ਬੈਂਕ-ਖਾਤਾ ਰੱਖਣਾ ਪਵੇਗਾ।

10) ਸਕੂਲ ਕੋਈ ਕੈਪੀਟੇਸ਼ਨ ਫ਼ੀਸ ਨਹੀਂ ਲਵੇਗਾ ਅਤੇ ਬੱਚੇ ਜਾਂ ਉਸਦੇ ਮਾਤਾ-ਪਿਤਾ ਜਾਂ ਉਸੇ ਦੇ ਸਰਪ੍ਰਸਤਾਂ ਨੂੰ ਕਿਸੇ ਛਾਂਟੀ-ਪ੍ਰਕਿਰਿਆ ਵਿੱਚ ਨਹੀਂ ਪਾਏਗਾ।

11) ਸਕੂਲ ਕਿਸੇ ਬੱਚੇ ਨੂੰ ਹੇਠ ਲਿਖੇ ਕਾਰਨਾਂ ਕਰਕੇ ਦਾਖ਼ਲਾ ਦੇਣ ਤੋਂ ਇਨਕਾਰ ਨਹੀਂ ਕਰੇਗਾ:-

ੳ) ਕਿਸੇ ਬੱਚੇ ਦਾ ਉਮਰ ਦਾ ਸਬੂਤ ਨਾ ਹੋਣਾ;
ਅ) ਕਿਸੇ ਵੀ ਬੱਚੇ ਦੁਆਰਾ ਵਧਾਏ ਗਏ ਸਮੇਂ ਵਿੱਚ ਜਾਂ ਵਧਾਏ ਗਏ ਸਮੇਂ ਤੋਂ ਬਾਅਦ ਦਾਖ਼ਲਾ ਮੰਗਣਾ; ਜਾਂ
ੲ) ਧਰਮ, ਜਾਤ, ਨਸਲ ਜਾਂ ਜਨਮ-ਸਥਾਨ ਜਾਂ ਇਹਨਾਂ ਵਿਚੋਂ ਕਿਸੇ ਵੀ ਕਾਰਨ।

12) ਸਕੂਲ ਇਹ ਯਕੀਨੀ ਬਣਾਏਗਾ ਕਿ:-

ੳ) ਦਾਖ਼ਲ ਕੀਤੇ ਕਿਸੇ ਵੀ ਬੱਚੇ ਨੂੰ ਜਮਾਤ ਵਿੱਚ ਵਾਪਸ ਨਹੀਂ ਰੱਖਿਆ ਜਾਵੇਗਾ ਜਾਂ ਸਕੂਲ ਵਿੱਚ ਮੁੱਢਲੀ ਸਿੱਖਿਆ ਪੂਰੀ ਹੋਣ ਤੋਂ ਪਹਿਲਾਂ ਸਕੂਲੋਂ ਕੱਢਿਆ ਨਹੀਂ ਜਾਵੇਗਾ।

ਅ) ਕਿਸੇ ਵੀ ਬੱਚੇ ਨੂੰ ਸਰੀਰਕ-ਦੰਡ ਜਾਂ ਮਾਨਸਿਕ-ਪ੍ਰੇਸ਼ਾਨੀ ਦਾ ਭਾਗੀ ਨਹੀਂ ਬਣਾਇਆ ਜਾਵੇਗਾ।

ੲ) ਮੁੱਢਲੀ ਸਿੱਖਿਆ ਪੂਰੀ ਹੋਣ ਤੱਕ ਬੱਚੇ ਨੂੰ ਬੋਰਡ ਦੀ ਕੋਈ ਵੀ ਪ੍ਰੀਖਿਆ ਪਾਸ ਕਰਨ ਦੀ ਲੋੜ ਨਹੀਂ ਹੋਵੇਗੀ।

ਸ) ਮੁੱਢਲੀ ਸਿੱਖਿਆ ਸੰਪੂਰਨ ਕਰਨ ਵਾਲੇ ਹਰ ਬੱਚੇ ਨੂੰ ਨਿਯਮ 21 ਅਨੁਸਾਰ ਇੱਕ ਪ੍ਰਮਾਣ-ਪੱਤਰ ਪ੍ਰਦਾਨ ਕੀਤਾ ਜਾਵੇਗਾ।

ਹ) ਐਕਟ ਦੇ ਉਪਬੰਧਾਂ ਅਨੁਸਾਰ ਅਪੰਗ/ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ ਸ਼ਮੂਲੀਅਤ ਕੀਤੀ ਜਾਵੇਗੀ।

ਕ) ਐਕਟ ਦੀ ਧਾਰਾ 23 ਦੇ ਉਪਨਿਯਮ (1) ਅਨੁਸਾਰ ਘੱਟੋ-ਘੱਟ ਵਿੱਦਿਅਕ ਯੋਗਤਾਵਾਂ ਪੂਰੀਆਂ ਕਰਦੇ ਅਧਿਆਪਕ ਹੀ ਨਿਯੁਕਤ ਕੀਤੇ ਜਾਣਗੇ।

ਖ) ਅਧਿਆਪਕ ਆਪਣੇ ਆਪ ਨੂੰ ਕਿਸੇ ਵੀ ਪ੍ਰਾਈਵੇਟ ਅਧਿਆਪਣ ਕਿਰਿਆ ਵਿੱਚ ਮਸ਼ਰੂਫ਼ ਨਹੀਂ ਕਰਨਗੇ।

13) ਸਕੂਲ ਉਚਿਤ ਅਥਾਰਟੀ ਦੁਆਰਾ ਨਿਰਧਾਰਿਤ ਵਿਸ਼ਿਆਂ ਦੇ ਅਧਾਰ ਤੇ ਪਾਠਕ੍ਰਮ ਨੂੰ ਅਪਨਾਏਗਾ।

14) ਸਕੂਲ ਐਕਟ ਦੀ ਧਾਰਾ 19 ਅਧੀਨ ਦਰਸਾਈਆਂ ਸ਼ਰਤਾਂ ਅਤੇ ਮਿਆਰਾਂ ਦੀ ਪਾਲਣਾ ਕਰੇਗਾ।

15) ਸਕੂਲ ਦੇ ਇਸ ਨਾਂ ਤੇ ਸਕੂਲ ਦੀ ਇਮਾਰਤ ਦੇ ਅੰਦਰ ਜਾਂ ਬਾਹਰ ਕੋਈ ਗੈਰ-ਮਾਨਤਾ ਪ੍ਰਾਪਤ ਜਮਾਤਾਂ ਨਹੀਂ ਚਲਾਈਆਂ ਜਾਣਗੀਆਂ।

16) ਸਕੂਲ-ਭਵਨ ਜਾਂ ਹੋਰ ਢਾਂਚਾ ਜਾਂ ਮੈਦਾਨ ਸਿਰਫ਼ ਪੜ੍ਹਾਈ ਅਤੇ ਯੋਗਤਾ-ਵਿਕਾਸ ਲਈ ਵਰਤਿਆ ਜਾਵੇਗਾ।

17) ਸਕੂਲ ਸਮੇਂ-ਸਮੇਂ ਤੇ ਡਾਇਰੈਕਟਰ-ਸਕੂਲ ਐਜੂਕੇਸ਼ਨ ਜਾਂ ਜ਼ਿਲ੍ਹਾ ਸਿੱਖਿਆ ਅਫ਼ਸਰ ਨੂੰ ਲੋੜੀਂਦੀ ਸੂਚਨਾ ਅਤੇ ਜਾਣਕਾਰੀ ਉਪਲਬਧ ਕਰਵਾਏਗਾ ਅਤੇ ਰਾਜ ਸਰਕਾਰ ਸਥਾਨਕ ਅਥਾਰਟੀ ਵੱਲੋਂ ਸਕੂਲ ਦੀ ਮਾਨਤਾ ਨੂੰ ਬਣਾਏ ਰੱਖਣ ਲਈ ਲੋੜੀਂਦੀਆਂ ਸ਼ਰਤਾਂ ਜਾਂ ਸਕੂਲ ਸੰਚਾਲਣ ਦੀਆਂ ਕਮੀਆਂ ਨੂੰ ਦੂਰ ਕਰਨ ਲਈ ਜਾਰੀ ਹਦਾਇਤਾਂ ਦੀ ਪਾਲਣਾ ਕਰੇਗਾ।

18) ਆਪ ਜੀ ਦੇ ਸਕੂਲ ਨੂੰ ਪ੍ਰਦਾਨ ਕੀਤਾ ਮਾਨਤਾ ਕੋਡ ਨੰਬਰ ਆਰ.ਟੀ.ਈ.(ਮਾਨਤਾ)-ਆਰ.ਟੀ.ਈ/- 2020 50990 (ਇਹ ਕੋਡ ਨੋਟ ਕਰ ਲਿਆ ਜਾਵੇ ਅਤੇ ਭਵਿੱਖ ਵਿੱਚ ਇਸ ਦਫ਼ਤਰ ਨਾਲ ਹੋਣ ਵਾਲੇ ਕਿਸੇ ਵੀ ਪੱਤਰ-ਵਿਹਾਰ ਲਈ ਵਰਤਿਆ ਜਾਵੇ)।

ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿ.)
ਸਾਹਿਬਜ਼ਾਦਾ ਅਜੀਤ ਸਿੰਘ ਨਗਰ।

Office of the District Education Officer (DEO)-cum-District Project Director, Samgar Shiksha Abhiyan, Sector-76, Sahibzada Ajit Singh Nagar.

Phone No.:0172-2219100 E-mail:- deossarmohalil@gmail.com

---

Form-2

To

Manager Chairperson/Secretary
K.P.S. Educational Society
Village Daun, S.A.S. Nagar.

Letter No.: R.T.E. / Recognition /2019/202050990 Date: 07/02/2020

SUBJECT :Recognition letter to your school under sub-rule (4) of rule 11 of the Punjab Right of Children to Free and Compulsory Education Rules, 2011 for the purpose of section 18 of the "Right of Children to Free and Compulsory Education Act, 2009".

Ref.No.: Respected D.P.I(S.C), Distt.of Punjab Memo.No. 02/01-2020)(1)/37 Date: Mohali:15.1.2020

Sir/Madam,

As per the above-quoted letter, on the basis of your request and the self-declaration given by you, I hereby issue and send provisional mandate to KPS World School, Village Daun, and District SAS Nagar from Class I to Class VIII up to 31.03.2022 on the following conditions.

Conditions:

1. It will be the personal responsibility of the school management to submit the building safety certificate and fire safety certificate of the school to this office as per the deadline. In case of negligence, the process of cancellation of the recognition of your school will be initiated.

2. The approval of accreditation is not renewable and in no case is it applicable to accreditation/affiliation beyond class VIII.

3. The above recognition is based on the self-declaration given by you. If any of the information entered in the self-declaration is found to be incorrect or false, then the process of cancelling this recognition will be initiated.

4. The palace is being run by a society registered under "Society Registration act 1860 (Act No. 21, 1960) or by a trust established under any law in force from time to time.

5. Renewal of the society's registration, if necessary, will be ensured.

Principal
KPS World School
Mohali

6. The school is not being run for the personal benefit of any individual, group or groups of individuals or anyone else.

7. The school accounts will be audited and certified by a Chartered Accountant and proper statements of accounts will be prepared as per the rules.

8. The school shall admit 25% of the total strength of the class in class I to children belonging to the weaker sections and disadvantaged groups of the neighbourhood and shall provide free and compulsory education till its completion. If the school provides pre-primary education, the same conditions shall apply.

9. For the children referred to in paragraph 7, the school will be reimbursed for the expenses as per provision 2 of section 12 of the Act. The school will have to maintain a separate bank account to receive this reimbursement.

10. The school will not charge any capitation fee and will not subject the child or his/her parents or guardians to any selection process.

11. The school shall not refuse admission to any child for the following reasons:-

    a) Lack of proof of age of a child;
    b) Any child seeking admission within or after the extended period; or
    c) Religion, caste, race or place of birth or any of these reasons.

12. The school will ensure that:-

a. No child admitted will be held back in class or expelled from school before completing primary education in the school.
b. No child shall be subjected to physical punishment or mental harassment.

c. Until the completion of the religious education, the true one will not need to pass the test of the any board examination.
d. This certificate will be provided to every person who has completed primary education as per rule 21.
e. According to this act handicapped/special child/ will get admission.
f. Only teachers fulfilling the minimum educational qualifications as per sub-rule (1) of section 23 of the Act shall be appointed.
g. Teachers shall not engage themselves in any private teaching activity.

13) The school will adopt the curriculum based on the subjects prescribed by the appropriate authority.

14) The school shall comply with the conditions and standards specified under Section 19 of the Act.

NOTARY PUBLIC * GOVT. OF INDIA
HUKAM SINGH
MOHALI
REGD. NO. 2161

Principal
KPS World School
Mohali

15) No unaccredited classes will be conducted inside or outside the school building under this name of the school.

16) The school building or other structure or ground shall be used only for education and skill development.

17) The school shall from time to time provide necessary information and data to the Director-School Education or District Education Officer and shall comply with the instructions issued by the State Government Local Authority to remove the deficiencies in the operation of the school or to meet the conditions required to maintain the school's recognition.

18) The recognition code number given to your school is RTE(Recognition)-RTE/- 202050990 (This code should be noted and used for any future correspondence with this office).

NOTARY PUBLIC ★ GOVT. OF INDIA
HUKAM SINGH
MOHALI (PB) INDIA
REGD. NO. 2161

District Education Officer (DEO)
Sahibzada Ajit Singh Nagar.

Principal
KPS World School
Mohali

True and correct translation
from Punjabi to English
14/5/26
HUKAM SINGH
Notary,S.A.S. Nagar (PB)